## ਅਦਾਲਤ ਵਿੱਚ ਮਾਨ-ਹਾਨੀ? ਗੌਲਿੰਗ ਕਸੂਰਵਾਰ?
## ਦਾਵੇਦਾਰਾਂ ਵੱਲੋਂ 2 ਖਰਬ ਦੀਆਂ ਤਾਕੀਦਾਂ ਅਤੇ ਹੋਰ ਹਲ

**ਕੈਲਗਿਰੀ, ਅਲਬਰਟਾ**—ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਕੈਲਗਿਰੀ ਦੀ ਅਦਾਲਤ 5 ਜੁਲਾਈ, 2006 ਨੂੰ ਉਸ ਸਿਲਸਿਲੇ ਬਾਰੇ ਹੁਕਮ ਲਾਗੂ ਨਹੀਂ ਕਰ ਸਕੀ ਜਿਸ ਦਾ ਫੈਸਲਾ ਪਹਿਲਾਂ 6 ਫਰਵਰੀ, 2006 ਨੂੰ ਹੋਇਆ ਸੀ। ਉਹੀਓ ਅਦਾਲਤ ਨੇ ਮਤਾ ਰੱਦ ਕਰ ਦਿੱਤਾ ਸੀ ਜਿਸ ਮਤੇ ਕਾਰਨ ਦੋ ਨਾਇਬ ਰਿਹਾ ਹੋ ਸਕਦੇ ਸਨ ਅਤੇ ਉਹਨਾਂ ਦੀ ਫਰਮ ਲੱਗ-ਭੱਗ 5 ਮਹੀਨੇ ਪਹਿਲਾਂ ਮੁਕੱਦਮੇਂ ਤੋਂ ਬਚ ਸਕਦੀ ਸੀ। ਇਉਂ ਜਾਪਦਾ ਹੈ ਕਿ ਅਦਾਲਤ ਵਕੀਲਾਂ ਨੂੰ ਬਚਾਓਕਾਰੀਆਂ ਵਾਸਤੇ ਜੋਰ ਨਹੀਂ ਪਾ ਰਹੀ ਕਿ ਉਹ ਪੰਜ ਮਹੀਨੇ ਦੀ ਹੋਈ ਦੇਰ ਅਤੇ ਖੱਜਲ-ਖਵਾਰੀ ਬਾਰੇ ਕੋਈ ਸਿੱਧੀ ਕਾਰਜ ਵਿਧੀ ਅਪਨਾਉਣ। ਕੁੱਝ ਬਚਾਉਕਰਤਾਵਾਂ ਉੱਤੇ ਲਾਪਰਵਾਹੀ, ਸਾਜਿਸ਼ ਅਤੇ ਹੋਰ ਗਲਤ ਕੰਮਾਂ ਦਾ ਜੁਰਮ ਹੈ ਜੋ ਕਿ ਇੱਕ ਐਸੀ ਵਕੀਲੀ ਫਰਮ ਵਿੱਚ ਕੰਮ ਕਰਦੇ ਹਨ ਜੋ ਕਨੇਡਾ ਦੀ ਇੱਕ ਦੂਜੇ ਨੰਬਰ ਦੀ ਸਭ ਤੋਂ ਵੱਡੀਆਂ ਵਕੀਲੀ ਫਰਮਾਂ ਵਿੱਚੋਂ ਇੱਕ ਹੈ, ਜਿਸ ਦਾ ਨਾਂ ਹੈ **ਗੌਲਿੰਗ ਲਾਫਲੁਰ ਹੈਂਡਰਸਨ ਐਲ.ਐਲ.ਪੀ.,** ਜਿਸ ਵਿੱਚ 700 ਤੋਂ ਜਿਆਦਾ ਵਕੀਲ ਅਤੇ ਉਹਨਾਂ ਦੇ ਚੇਲੇ ਬਾਲਮ ਮਕਲਨਸ ਐਲ.ਐਲ.ਪੀ. ਹਨ।

ਸਨ 2004 ਵਾਲੇ ਮੁਕੱਦਮੇਂ ਵਿੱਚ, ਜੋ ਕਿ ਕੈਲਗਿਰੀ ਵਿੱਚ ਰਾਣੀ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ ਸੀ, ਜਿਨ੍ਹਾਂ ਬਚਾਉਕਾਰੀਆਂ ਦੇ ਨਾਂ ਸ਼ਾਮਿਲ ਸਨ ਉਹ ਸਨ, ਟੇਰੀ ਨਾਈਟ ਅਤੇ ਕੇਨ ਫਿਲਪਿਸ, ਦੋਨੋ ਕੈਲਗਿਰੀ ਦੇ ਨਿਵਾਸੀ ਸਨ।ਦੋ ਨਾਇਬ ਜੋ ਕਿ ਪਹਿਲਾਂ ਗੌਲਿੰਗ ਅਤੇ/ਜਾਂ ਮਕਲਨਸ (2001 ਵਿੱਚ ਦੋਨਾਂ ਫਰਮਾਂ ਦੇ ਆਪਸ ਵਿੱਚ ਇਕੱਠੇ ਹੋਣ ਤੋਂ ਪਹਿਲਾਂ) ਨਾਲ ਕੰਮ ਕਰਦੇ ਸਨ, ਜਦੋਂ ਉਹਨਾਂ ਨੇ ਜੁਰਮ ਭਰੇ ਕੰਮ ਕੀਤੇ। ਸਬੱਬ ਵਜੋਂ ਉਹ ਹੁਣ ਪਰਾਈਵੇਟ ਸੈਕਟਰ ਵਿੱਚ ਇੱਕ ਹੋਰ ਬਾਲਮ ਮਕਲਨਸ ਐਲ.ਐਲ.ਪੀ. ਦੇ ਪੁਰਾਣੇ ਵਕੀਲ ਦੀ ਦੇਖ-ਰੇਖ ਹੇਠ ਕੰਮ ਕਰ ਰਹੇ ਹਨ। ਇਹ ਚਰਚਾ ਹੈ ਕਿ ਉਹਨਾਂ ਦੀ ਬਚਾਉਕਾਰੀ ਦੀ ਫੀਸ ਅਲਬਰਟਾ ਲਾਅਯਰਸ ਇਨਸ਼ੋਰੈਂਸ ਐਸੋਸੀਏਸ਼ਨ ਵੱਲੋਂ ਦਿੱਤੀ ਜਾ ਰਹੀ ਹੈ।

ਦਾਵੇਦਾਰ ਨੇ ਆਪਣੇ ਮੁਕੱਦਮੇ ਵਿੱਚ ਦਿਸੰਬਰ 2005 ਤੋਂ ਲੈ ਕੇ ਕਾਫੀ ਕਨੂੰਨੀ ਕਦਮ ਚੁੱਕੇ ਹਨ ਕਿ ਉਹ ਚੱਲ ਰਹੇ ਮੁਚੱਦਮੇ ਦੇ ਵਿਚਾਲੇ ਕੰਪਨੀ ਦੇ ਬੋਰਡ ਦੇ ਸਾਰੇ ਡਾਇਰੈਕਟਰਾਂ ਨੂੰ ਬਦਲ ਸਕੇ ---ਕਿੰਗਸਗੇਟ ਰਿਸੋਰਸ ਇੰਕ.। ਕੰਪਨੀ ਦਾ ਹੁਣ ਹਾਲ ਹੀ ਵਿੱਚ ਚੁਣਿਆ ਨਵਾਂ ਪਰਧਾਨ ਸਤਿੰਦਰ ਸਿੰਘ ਢਿੱਲੋਂ ਹੈ ਜੋ ਕਿ ਇਸ ਸਮੇਂ ਐਬਟਸਫੋਰਡ, ਬਰਿਟਿਸ਼ ਕੋਲੰਬੀਆ (ਬੀ. ਸੀ.) ਵਿੱਚ ਰਹਿੰਦਾ ਹੈ।

ਢਿੱਲੋਂ, ਬੀ. ਸੀ. ਦੇ ਸ਼ਹਿਰ ਕੁਇਸਨਲ ਵਿੱਚ ਰਹਿੰਦਾ ਹੈ ਅਤੇ ਸਵਰਗੀਆ ਸੰਤੋਖ ਸਿੰਘ ਢਿੱਲੋਂ ਦਾ ਪੁੱਤਰ ਹੈ ਜੋ ਕਿ ਭਾਰਤ ਦੇ ਪੰਜਾਬ ਸੂਬੇ ਤੋਂ 1969 ਵਿੱਚ ਇੱਥੇ ਆ ਵੱਸੇ ਸਨ। ਉਸ ਦਾ ਕਹਿਣਾ ਹੈ ਕਿ ਜਦੋਂ ਤੋਂ ਪੈਰੀਗਰਿਨ ਟਰਸਟ ਬਣਿਆ ਹੈ ਅਤੇ ਉਸ ਦੇ ਅੱਜ ਦੇ ਦਿਨ ਤੱਕ ਦੇ ਸਾਰੇ ਲਾਭ ਪਾਤਰਾਂ ਦਾ ਪਿੱਛਾ ਭਾਰਤ ਦਾ ਹੈ ਅਤੇ ਉਹ ਕਨੇਡਾ ਦੇ ਨਿਵਾਸੀ ਹਨ।